ਜ਼ਿਲਾ ਮੈਜਿਸਟਰੇਟ, ਕਪੂਰਥਲਾ।
Tele. No. 01822-233777-O, 233776-R, 233393-F
Email ID dckapurthala@gmail.com

ਹੁਕਮ

(COVID-19) ਕਰੋਨਾ ਵਾਇਰਸ ਦੇ ਫੈਲਣ ਤੋਂ ਬਚਾਅ ਸਬੰਧੀ ਇਸ ਦਫ਼ਤਰ ਦੇ ਹੁਕਮ ਪਿੱਠ ਅੰਕਣ ਨੰ: 1251-1287/ਐਮ.ਏ ਮਿਤੀ 23-3-2020 ਰਾਹੀਂ ਲਗਾਏ ਗਏ ਕਰਫਿਊ ਅਤੇ ਪੱਤਰ ਨੰਬਰ 2131-2188/ਐਮ.ਏ. ਮਿਤੀ 15.4.2020 ਰਾਂਹੀਂ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਮੈਡੀਕਲ ਟੈਸਟਿੰਗ ਲੈਬੋਰਟਰੀਆ ਅਤੇ ਸਕੈਨਿੰਗ ਸੈਂਟਰਾਂ ਨੂੰ ਰੋਜ਼ਾਨਾ ਸਵੇਰੇ 9.00 ਵਜੇ ਤੋ ਸ਼ਾਮ 5.00 ਵਜੇ ਤੱਕ ਕਰਫਿਊ ਦੋਰਾਨ ਖੁੱਲੇ ਰੱਖਣ ਦੇ ਹੁਕਮ ਕੀਤੇ ਗਏ ਸਨ, ਦੀ ਲਗਾਤਾਰਤਾ ਵਿਚ ਹੇਠ ਲਿਖੇ ਅਨੁਸਾਰ ਹੁਕਮ ਕੀਤਾ ਜਾਂਦਾ ਹੈ।

ਮੈਡੀਕਲ ਟੈਸਟਿੰਗ ਲੈਬਾਰਟਰੀਆ ਅਤੇ ਸਕੈਨਿੰਗ ਸੈਂਟਰਜ਼ ਦੇ ਮਾਲਕਾਂ ਵੱਲੋ ਨਿਮਨਹਸਤਾਖਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਾਫੀ ਲੋਕਾਂ ਦਾ ਸਵੇਰੇ ਖਾਲੀ ਪੇਟ ਟੈਸਟ ਕੀਤਾ ਜਾਂਦਾ ਹੈ। ਜਿਸ ਕਾਰਨ ਆਮ ਪਬਲਿਕ ਨੂੰ ਆਪਣੇ ਮੈਡੀਕਲ ਟੈਸਟ ਅਤੇ ਸਕੈਨਿੰਗ ਆਦਿ ਕਰਾਉਣ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ।

ਇਸ ਲਈ ਉਕਤ ਨੂੰ ਮੁੱਖ ਰੱਖਦੇ ਹੋਏ ਮੈਡੀਕਲ ਟੇਸਟਿੰਗ ਲੈਬਾਰਟਰੀਆ ਅਤੇ ਸਕੈਨਿੰਗ ਸੈਂਟਰ ਦੇ ਖੁੱਲਣ ਦਾ ਸਮਾਂ ਸਵੇਰੇ 7.00 ਵਜੇ ਤੋਂ ਸ਼ਾਮ 5.00 ਵਜੇ ਤੱਕ ਖੁੱਲਣਗੀਆ। ਇਨ੍ਹਾਂ ਵੱਲੋ ਪਬਲਿਕ ਨੂੰ appointment ਫੋਨ ਰਾਹੀਂ ਦਿੱਤੀ ਜਾਵੇ ਤਾਂ ਜੋ ਕਿਸੇ ਵੀ ਲੈਬਾਰਟਰੀ /ਸਕੈਨਿੰਗ ਸੈਂਟਰ ਵਿੱਚ ਲੋਕਾਂ ਦੀ ਜ਼ਿਆਦਾ ਭੀੜ ਇਕੱਤਰ ਨਾ ਹੋ ਸਕੇ। ਮੈਡੀਕਲ ਲੈਬਾਰਟਰੀਆ/ਸਕੈਨਿੰਗ ਸੈਂਟਰਾਂ ਵੱਲੋ ਲੋਕਾਂ ਨੂੰ ਉਨ੍ਹਾਂ ਦੇ ਟੈਸਟ ਦੀ ਰਿਪੋਰਟ whatsapp /Email ਰਾਹੀਂ ਭੇਜਣਗੇ।

ਪੰਜਾਬ ਸਰਕਾਰ ਵੱਲੋਂ COVID-19 ਦੇ ਫੈਲਣ ਤੋਂ ਰੋਕਣ ਲਈ ਪੰਜਾਬ ਅੰਦਰ ਹਰੇਕ ਵਿਅਕਤੀ ਦੇ ਮੂਹ ਤੇ ਮਾਸਕ (ਸੂਤੀ ਕੱਪੜੇ ਦਾ ਮਾਸਕ ਜਾਂ ਟ੍ਰਿਪਲ ਲੇਅਰ ਮਾਸਕ ਜਾਂ ਰੁਮਾਲ, ਦੁਪੱਟਾ, ਪਰਨਾ ਆਦਿ) ਪਹਿਨਣਾ ਲਾਜ਼ਮੀ ਕੀਤਾ ਗਿਆ ਹੈ। ਇਸ ਲਈ ਹਰੇਕ ਅਦਾਰਾ ਇਹ ਸੁਨਿਸਿਚਤ ਕਰੇਗਾ ਕਿ ਆਉਣ ਵਾਲੇ ਹਰੇਕ ਵਿਅਕਤੀ ਨੇ ਮਾਸਕ ਜਰੂਰ ਲਗਾਇਆ ਹੋਵੇ ਅਤੇ ਭਾਰਤ ਸਰਕਾਰ/ ਪੰਜਾਬ ਸਰਕਾਰ/ ਜਿਲ੍ਹਾ ਪ੍ਰਸ਼ਾਸਨ ਅਤੇ ਵੱਖ-ਵੱਖ ਸਿਹਤ ਅਥਾਰਟੀਆਂ ਵੱਲੋਂ ਕੋਵਿਡ-19 ਸਬੰਧੀ ਜਾਰੀ ਹਦਾਇਤਾਂ/ ਹੁਕਮਾਂ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਸਾਫ-ਸਫਾਈ ਤੇ ਸਮਾਜਿਕ ਦੂਰੀ (Social Distancing) (ਘੱਟੋ-ਘੱਟ 2 ਮੀਟਰ) ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ। ਇਸ ਤੋਂ ਇਲਾਵਾਂ ਕਿਸੇ ਵੀ ਵਿਅਕਤੀ ਵੱਲੋ ਜਨਤਕ ਸਥਾਨਾ/ਸੜ੍ਹਕਾਂ ਆਦਿ ਤੇ ਥੁੱਕਣ ਦੀ ਸਖਤ ਮਨਾਹੀ ਹੋਵੇਗੀ।

ਇਸ ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸੰਪਰਕ ਅਫ਼ਸਰ, ਕਪੂਰਥਲਾ ਪ੍ਰਚਾਰ ਵੈਨ/ ਦੂਰਦਰਸ਼ਨ/ ਪ੍ਰੈਸ ਮਾਧਿਅਮ ਰਾਹੀਂ ਪ੍ਰਚਾਰ ਕਰਵਾ ਕੇ ਪੁਲਿਸ ਸਟੇਸ਼ਨ/ਨਗਰ ਨਿਗਮ,ਉਪ ਮੰਡਲ ਮੈਜਿਸਟਰੇਟਸ/ ਤਹਿਸੀਲਦਾਰਾਂ ਅਤੇ ਸਦਰ ਮੁਕਾਮਾਂ ਤੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀ ਚਸਪਾ ਲਾਗੂ ਕਰਕੇ ਕੀਤਾ ਜਾਵੇ।

ਇਹ ਹੁਕਮ ਅੱਜ਼ ਮਿਤੀ 24-04-2020 ਨੂੰ ਮੇਰੇ ਹਸਤਾਖਰਾਂ ਤੇ ਮੋਹਰ ਅਦਾਲਤ ਨਾਲ ਜ਼ਾਰੀ ਕੀਤਾ ਗਿਆ।

ਜਿਲ੍ਹਾ ਮੈਜਿਸਟਰੇਟ,
ਕਪੂਰਥਲਾ।

ਪਿੱਠ ਅੰਕਣ ਨੰ: 2260-2312 /ਐਮ.ਏ. ਮਿਤੀ: 24-04-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜ਼ਿਆ ਜਾਂਦਾ ਹੈ:-

1. ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ
2. ਗ੍ਰਹਿ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
4. ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ
5. ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ।
6. ਵਧੀਕ ਡਿਪਟੀ ਕਮਿਸ਼ਨਰ, ਫਗਵਾੜਾ/ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਪੂਰਥਲਾ।
7. ਸਮੂਹ ਉਪ ਮੰਡਲ ਮੈਜਿਸਟਰੇਟਸ, /ਸਮੂਹ ਤਹਿਸੀਲਦਾਰਜ਼ਜਿਲ੍ਹਾ ਕਪੂਰਥਲਾ
8. ਸਿਵਲ ਸਰਜਨ, ਕਪੂਰਥਲਾ/ ਡੀ.ਪੀ.ਆਰ.ਓ., ਕਪੂਰਥਲਾ।
9. ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ, ਕਪੂਰਥਲਾ/ ਡੀ.ਡੀ.ਪੀ.ਓ., ਕਪੂਰਥਲਾ
10. ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਕਪੂਰਥਲਾ
11. ਮੁੱਖ ਖੇਤੀਬਾੜੀ ਅਫ਼ਸਰ, ਕਪੂਰਥਲਾ/ ਡਿਪਟੀ ਡਾਇਰੈਕਟਰ, ਬਾਗਬਾਨੀ, ਕਪੂਰਥਲਾ।
13. ਸੁਪਰਡੰਟ ਗਰੇਡ-1/ਪੀ.ਏ. ਟੂ ਡੀ.ਐਮ/ਸਟੈਨੋ ਟੂ ਏ.ਡੀ.ਐਮ/ਸਟੈਨੋਂ ਟੂ ਏ.ਸੀ.(ਜ)/ ਡੀ.ਆਰ.ਓ

ਜ਼ਿਲਾ ਮੈਜਿਸਟਰੇਟ,
ਕਪੂਰਥਲਾ।

Scanned by CamScanner